ਮਾਨਯੋਗ

ਤੁਹਾਡੇ ਡਾਕਟਰ ਨੇ ਤੁਹਾਡੀ ਬਿਮਾਰੀ ਦੀਆਂ ਨਿਸ਼ਾਨੀਆਂ ਦੀ ਫੌਰੀ ਜਾਂਚ ਕਰਨ ਲਈ ਤੁਹਾਡਾ ਨਾਮ ਅੱਜ ਹੀ ਹਸਪਤਾਲ ਨੂੰ ਦਿੱਤਾ ਹੈ। ਕਿਉਂਕਿ ਇਹ ਬਹੁਤ ਜ਼ਰੂਰੀ ਹੈ ਇਸ ਲਈ ਤੁਹਾਨੂੰ ਦੋ ਹਫਤਿਆਂ ਦੇ ਅੰਦਰ ਅੰਦਰ ਹਸਪਤਾਲ ਦੀ ਅਪਾਇੰਟਮੈਂਟ ਮਿਲਣੀ ਚਾਹੀਦੀ ਹੈ। ਇਹ ਇਕ ਮਾਹਿਰ ਨਾਲ ਕਲਿਨਿਕ ਵਿਚ ਜਾਂ ਬਿਮਾਰੀ ਦੀ ਸ਼ਨਾਖਤ ਦਾ ਟੈਸਟ ਕਰਨ ਲਈ ਅਪਾਇੰਟਮੈਂਟ ਹੋ ਸਕਦੀ ਹੈ ਜਿਵੇਂ ਕਿ ਕੈਮਰਾ ਟੈਸਟ।

ਤੁਹਾਡੀ ਬਿਮਾਰੀ ਦੀਆਂ  ਨਿਸ਼ਾਨੀਆਂ ਦੇ ਬਹੁਤ ਸਾਰੇ ਆਮ ਕਾਰਨ ਹੋ ਸਕਦੇ ਹਨ, ਪਰ ਅਸੀਂ ਇਹ ਪੱਕਾ ਕਰਨਾ ਚਾਹੁੰਦੇ ਹਾਂ ਕਿ ਕੋਈ ਗੰਭੀਰ ਸਮੱਸਿਆ ਛੁੱਟ ਨਾ ਜਾਵੇ ਜਿਵੇਂ ਕਿ ਕੈਂਸਰ।

ਬਹੁਤੇ ਲੋਕ ਜਿਨ੍ਹਾਂ ਨੂੰ ਇਸ ਤਰੀਕੇ ਨਾਲ ਭੇਜਿਆ ਜਾਂਦਾਂ ਹੈ (10 ਵਿਚੋਂ 9 ਤੋਂ ਵੱਧ) ਨੂੰ ਕੈਂਸਰ ਦੀ ਸ਼ਨਾਖਤ ਨਹੀਂ ਹੁੰਦੀ ਹੈ। ਫਿਰ ਵੀ, ਇਹ ਜ਼ਰੂਰੀ ਹੈ ਕਿ ਜਲਦੀ ਜਾਂਚ ਕੀਤੀ ਜਾਵੇ ਤਾਂ ਕਿ, ਜੇ ਕਿਸੇ ਇਲਾਜ ਦੀ ਲੋੜ ਹੈ, ਤਾਂ ਉਸ ਦਾ ਇਲਾਜ ਜਲਦੀ ਸ਼ੁਰੂ ਕੀਤਾ ਜਾ ਸਕੇ।

ਹਸਪਤਾਲ ਵਾਲੇ ਤੁਹਾਡੇ ਨਾਲ ਆਉਣ ਵਾਲੇ ਕੁਝ ਦਿਨਾਂ ਵਿਚ ਅਪਾਇੰਟਮੈਂਟ ਦਾ ਪ੍ਰਬੰਧ ਕਰਨ ਲਈ ਸੰਪਰਕ ਕਰਨਗੇ। ਜੇ ਆਉਣ ਵਾਲੇ 10 ਦਿਨਾਂ ਵਿਚ ਕੋਈ ਫੋਨ ਨਹੀਂ ਆਉਂਦਾ ਤਾਂ ਇਸ ਚਿੱਠੀ ਤੇ ਲਿਖੇ ਟੈਲੀਫੋਨ ਨੰਬਰ ਤੇ ਆਪਣੇ ਡਾਕਟਰ ਦੀ ਸੈਕਟਰੀ ਨਾਲ ਗੱਲ ਕਰਕੇ ਕੇ ਪੱਕਾ ਕਰੋ ਕਿ ਕੀ ਤੁਹਾਡਾ ਨਾਮ ਹਸਪਤਾਲ ਨੂੰ ਭੇਜ ਦਿੱਤਾ ਹੈ ਜਾਂ ਨਹੀਂ।

ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਇਸ ਅਪਾਇੰਟਮੈਂਟ ਤੇ ਜਾਣ ਦੀ ਪੂਰੀ ਕੋਸ਼ਿਸ਼ ਕਰੋ।

ਤੁਹਾਨੂੰ ਹਸਪਤਾਲ ਵਿਚ ਕੁਝ ਟੈਸਟ ਕਰਵਾਉਣ ਦੀ ਲੋੜ ਪੈ ਸਕਦੀ ਹੈ ਜਿਹੜੇ ਕਿ ਮਾਹਿਰ ਨੂੰ ਇਨ੍ਹਾਂ ਨਿਸ਼ਾਨੀਆਂ ਦੇ ਕਾਰਨ ਸਮਝਣ ਵਿਚ ਸਹਾਇਤਾ ਕਰ ਸਕਦੇ ਹਨ। ਇਨ੍ਹਾਂ ਟੈਸਟਾਂ ਵਿਚ ਇਹ ਸ਼ਾਮਲ ਹੋ ਸਕਦਾ ਹੈ:

- ਖ਼ੂਨ ਦੇ ਟੈਸਟ
- ਐਕਸਰੇ
- ਸਕੈਨ (ਸੀ ਟੀ/ਐਮ ਆਰ ਆਈ)
- ਕੈਮਰਾ ਟੈਸਟ

ਜੇ ਤੁਹਾਨੂੰ ਇਕ ਸਕੈਨ ਜਾਂ ਕੈਮਰਾ ਟੈਸਟ ਦੀ ਲੋੜ ਹੈ ਤਾਂ ਤੁਹਾਨੂੰ ਪਹਿਲਾਂ ਹੀ ਦੱਸ ਦਿੱਤਾ ਜਾਏਗਾ, ਇਸ ਲਈ ਕਿਰਪਾ ਕਰਕੇ ਹਰ ਕਿਸਮ ਦੀਆਂ ਤੁਹਾਨੂੰ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰੋ। ਹੋ ਸਕਦਾ ਹੈ ਕਿ ਤੁਹਾਨੂੰ ਉਸੇ ਦਿਨ ਨਤੀਜੇ ਦੱਸ ਦਿੱਤੇ ਜਾਣ। ਮਾਹਿਰ ਤੁਹਾਨੂੰ ਵਧੇਰੇ ਜਾਣਕਾਰੀ ਅਤੇ ਸਲਾਹ ਦੇ ਸਕਦਾ ਹੈ ਕਿ ਅਗਲਾ ਕਦਮ ਕੀ ਹੋਵੇਗਾ।

ਤੁਸੀਂ ਆਪਣੇ ਨਾਲ ਇਕ ਦੋਸਤ ਜਾਂ ਪਰਿਵਾਰ ਦਾ ਮੈਂਬਰ ਲਿਆ ਸਕਦੇ ਹੋ। ਤੁਹਾਡੇ ਨਾਲ ਡਾਕਟਰੀ ਟੀਮ ਦੇ ਵਿਚਾਰ-ਵਟਾਂਦਰੇ ਸਮੇਂ ਜੇ ਤੁਹਾਡੇ ਕੋਈ ਸਵਾਲ ਹਨ ਤਾਂ ਇਹ ਮਦਦਗਾਰ ਹੋ ਸਕਦਾ ਹੈ। ਤੁਹਾਡਾ ਨਾਮ ਇਥੇ ਭੇਜਣ ਬਾਰੇ ਜੇ ਤੁਹਾਨੂੰ ਕੋਈ ਫਿਕਰ ਜਾਂ ਸਵਾਲ ਹਨ ਤਾਂ ਕਿਰਪਾ ਕਰਕੇ ਆਪਣੇ ਜੀ ਪੀ ਨਾਲ ਸੰਪਰਕ ਕਰੋ।

ਜੇ ਤੁਸੀਂ ਇਸ ਤੁਰੰਤ ਰੈਫਰਲ ਬਾਰੇ ਹੋਰ ਜਾਣਕਾਰੀ ਲੈਣਾ ਚਾਹੁੰਦੇ ਹਿ ਤਾਂ ਕਿਰਪਾ ਕਰਕੇ ਇਸ ਵੈਬਸਾਇਟ ਤੇ ਦੇਖੋ: http://www.cancerresearchuk.org/cancer-symptoms/what-is-an-urgent-referral

ਆਪਣੀ ਅਪਾਇੰਟਮੈਂਟ ਦੀ ਉਡੀਕ ਦੌਰਾਨ, ਇਹ ਸਲਾਹ ਦਿੱਤੀ ਜਾਂਦੀ ਹੈ ਕਿ ਤੁਸੀਂ ਆਪਣੀਆਂ ਰੋਜ਼ਾਨਾਂ ਦੀਆਂ ਗਤੀਵਿਧੀਆਂ/ਕਸਰਤ ਜਾਰੀ ਰੱਖੋ। ਜੇ ਅੱਗੇ ਇਲਾਜ ਦੀ ਜ਼ਰੂਰਤ ਹੈ, ਤਾਂ ਤੁਹਾਡੇ ਇਲਾਜ ਦਾ ਜ਼ਰੂਰੀ ਹਿੱਸਾ ਤੁਹਾਡੀ ਤੰਦਰੁਸਤੀ ਨੂੰ ਬਿਹਤਰ ਬਣਾਉਣਾ ਹੈ - ਜਿਵੇਂ ਕਿ ਸਿਗਰਟ ਪੀਣੀ ਛੱਡਨਾ ਅਤੇ ਸਰਗਰਮੀਆਂ ਦੇ ਪੱਧਰ ਸੁਧਾਰਨਾ।